ੴ ਸਤਿਗੁਰ ਪ੍ਰਸਾਦਿ ॥

ਪਰ੍ਹੀ ਦੀ ਕੁੱਖ ਤੋਂ ਪੈਦਾ ਹੋਣ ਵਾਲੇ

ਸੰਤ ਬਾਬਾ ਜੋਗੀ ਪੀਰ ਚਾਹਲ

www.sikhbabajogipeerchahal

ਲੇਖਕ=ਗਿਆਨੀ ਕਰਮ ਸਿੰਘ 'ਚਾਹਲ'

ਪਿੰਡ ਖੇੜਾ ਠਾਣੇਵਾਲ (ਅੰਮ੍ਰਿਤਸਰ)

—ਇਸ ਪੁਸਤਕ ਦੇ ਲੇਖਕ—

www.fb.babajogipeerjichahal

ਗਿਆਨੀ ਕਰਮ ਸਿੰਘ 'ਚਾਹਲ'

ਪਿੰਡ ਖੇੜਾ ਠਾਣੇਵਾਲ (ਅੰਮ੍ਰਿਤਸਰ)

www.fb.babajogipeerjichahal

ਸਾਖੀ

ਬਾਬਾ ਜੋਗੀ ਪੀਰ ਜੀ ਚਾਹਲ

ਧੰਨ ਧੰਨ ਬਾਬਾ ਰਾਮ ਜੋਗੀ ਪੀਰ ਜੀ ਆਪ ਨੂੰ ਪਹਿਲਾਂ ਹੱਥ ਜੋੜ ਕੇ ਨਿਮਸਕਾਰ ਕਰਦਾ ਜੀ।

ਨਜ਼ਰ ਬੁੱਧੀ ਬਖਸ਼ੋ ਜੀ।

www.fb.babajogipeerjichahal

ੴ ਸਤਿਗੁਰ ਪ੍ਰਸਾਦਿ ॥

ਸਤਿਗੁਰੁ ਪੂਰਾ ਸੇਵੀਏ ਦੁਖਾਂ ਹੋਵੇ ਨਾਸ ॥
ਨਾਨਕ ਨਾਮ ਧਿਆਈਏ ਕਾਰਜ ਆਵੇ ਰਾਸ ॥

ਜਦੋਂ ਦੇਸ਼ ਛੋਟੇ ਛੋਟੇ ਰਾਜਵਾੜਿਆਂ ਵਿਚ ਵੰਡਿਆ ਹੋਇਆ ਸੀ। ਛੋਟੇ ਛੋਟੇ ਰਾਜੇ ਆਪਣੀਆਂ ਰਿਆਸਤਾਂ ਵਿਚ ਰਾਜ ਕਰਦੇ ਸਨ। ਕਿਸੇ ਰਾਜੇ ਦੇ ਕੋਲ 50 ਪਿੰਡ, ਕਿਸੇ ਦੇ ਕੋਲ 20 ਪਿੰਡ, ਕਿਸੇ ਦੇ ਕੋਲ 100 ਪਿੰਡ, ਕਿਸੇ ਦੇ ਕੋਲ 40 ਪਿੰਡ ਹੁੰਦੇ ਸਨ। ਇਸੇ ਤਰ੍ਹਾਂ ਚਾਹਲ ਵੰਸ਼ ਦੀ ਆਪਣੀ ਰਿਆਸਤ ਵੱਖਰੀ ਸੀ। ਚਾਹਲ ਆਪ ਰਾਜ ਕਰਦੇ ਸਨ। ਇਹ ਸਾਖੀ 700 ਸਾਲ ਪੁਰਾਣੀ ਹੈ। ਚਾਹਲਾਂ ਦੀ ਰਿਆਸਤ ਦੇ ਨਾਲ ਪਠਾਣਾਂ ਦੀਆਂ 3 ਰਿਆਸਤਾਂ ਲਗਦੀਆਂ ਸੀ। ਜਿਹੜਾ ਭੱਟੀ ਖਾਂ ਪਠਾਣ ਸੀ, ਉਸਦੇ ਰਾਜ ਦਾ ਹੱਦ ਬੰਨਾ ਲਗਦਾ ਸੀ ਤੇ ਹੱਦ ਬੰਨੇ ਤੋਂ ਝਗੜਾ ਹੋ ਗਿਆ। ਭੱਟੀ ਖਾਂ ਆਖਦਾ ਕਿ ਮੇਰਾ 10 ਮੀਲ ਦਾ ਏਰੀਆ ਤੁਹਾਡੇ ਵੱਡਿਆਂ ਨੇ ਮਲਿਆ ਤੁਸੀਂ ਛੱਡ ਦਿਉ

www.fb.babajogipeerjichahal

ਚਾਹਲ ਕਹਿੰਦਾ ਕਿ ਅਸੀਂ ਕਿਸੇ ਦਾ ਇਲਾਕਾ ਨਹੀਂ ਮਲਿਆ। ਅਸੀਂ ਖਿੱਚੇ ਨਹੀਂ ਹਟਣਾ। ਇਸ ਗੱਲ ਤੋਂ ਝਗੜਾ ਵੱਧ ਗਿਆ ਤੇ ਲੜਾਈ ਦੇ ਰੂਪ ਵਿਚ ਆ ਗਿਆ। ਚਾਹਲਾਂ ਨੇ ਆਪਣੀ ਜੰਗੀ ਤਿਆਰੀ ਕਰ ਲਈ। ਭੱਟੀ ਖਾਂ ਤੁਗਲ ਵੰਸ਼

ਵਿਚੋਂ ਸੀ। ਇਸ ਨੇ ਆਪਣੀ ਫੌਜ ਤਿਆਰ ਕਰ ਲਈ। ਦੋਨੋਂ ਪਾਸਿਆਂ ਦੇ ਸੂਰਮੇ ਮੈਦਾਨ ਵਿਚ ਆ ਗਏ ਤੇ ਲੜਾਈ ਸ਼ੁਰੂ ਹੋ ਗਈ। ਭੱਟੀ ਖਾਂ ਦੇ ਜਵਾਨ ਵੱਧ-ਵੱਧ ਕੇ ਵਾਰ ਕਰਨ ਲੱਗੇ। ਚਾਹਲ ਦੇ ਫੌਜੀ ਜਵਾਨ ਕਿਹੜੇ ਘੱਟ ਸੀ। ਦੋਵੇਂ ਧਿਰਾਂ ਵੱਧ ਚੜ੍ਹਕੇ ਵਾਰ ਕਰ ਰਹੇ ਸਨ। ਭੱਟੀ ਖਾਂ ਦੀ ਫੌਜ ਦੇ ਪੈਰ ਹਿਲ ਗਏ ਤੇ ਪਿੱਛੇ ਹਟ ਗਏ। ਚਾਹਲਾਂ ਨੇ ਮੌਕਾ ਤਾੜ ਕੇ ਹੱਲਾ ਮਾਰਿਆ ਤੇ ਪਠਾਣਾਂ ਦਾ ਕੁਝ ਹੋਰ ਇਲਾਕਾ ਮਲ ਲਿਆ।

www.fb.babajogipeerjichahal

ਫਿਰ ਭੱਟੀ ਖਾਂ ਨੇ ਆਪਣੇ ਜਵਾਈ ਰੁਸਮ ਖਾਂ ਨੂੰ ਨਾਲ ਲੈ ਕੇ ਹੱਲਾ ਕੀਤਾ ਤਾਂ ਚਾਹਲਾਂ ਦੀ ਫੌਜ ਅੱਗੇ ਪੇਸ਼ ਨਾ ਗਈ। ਇਹ ਰੁਸਤਮ ਖਾਂ ਦੂਜੀ ਰਿਆਸਤ ਦਾ ਮਾਲਕ ਸੀ। ਇਹ ਆਪਣੀ ਫੌਜ ਲੈ ਭੱਟੀ ਖਾਂ ਦੀ ਮਦਦ ਕਰਨ ਆਇਆ ਸੀ। ਪਰ ਚਾਹਲਾਂ ਦੀ ਫੌਜ ਦੇ ਅੱਗੇ ਕੋਈ ਪੇਸ਼ ਨਾ ਗਈ। ਆਖਰ ਇਨ੍ਹਾਂ ਨੇ ਪਠਾਣਾਂ ਦੇ ਪਿੰਡਾਂ ਵਿਚ ਜਾ ਕੇ ਇਹ ਪ੍ਰਚਾਰ ਕਰਨਾ ਸ਼ੁਰੂ ਕੀਤਾ ਕਿ ਚਾਹਲ ਡਾਕੂ ਹਨ। ਮੇਰਾ ਇਲਾਕਾ ਮਲ ਲਿਆ ਹੈ। ਜੇਕਰ ਇਹਨਾਂ ਨੂੰ ਨਾ ਰੋਕਿਆ ਤਾਂ ਕੱਲ੍ਹ ਨੂੰ ਤੁਹਾਡੇ ਵੀ ਇਲਾਕੇ ਮਲ ਲੈਣਗੇ ਤੇ ਪਠਾਣਾਂ ਦੀਆਂ ਜਿੰਨੀਆਂ ਰਿਆਸਤਾਂ ਸੀ। ਉਨ੍ਹਾਂ ਵਿਚ ਜਾ ਕੇ ਚਾਹਲਾਂ ਦੇ ਵਿਰੁੱਧ ਪ੍ਰਚਾਰ ਕਰਕੇ ਪਠਾਣਾਂ ਨੂੰ ਭੜਕਾਇਆ ਕਿ ਚਾਹਲ ਡਾਕੂ ਹਨ। ਡਾਕੂ ਡਾਕੂ ਆਖ ਕੇ ਭੰਡਿਆ ਗਿਆ। ਆਪਾਂ ਸਾਰੇ ਰਾਜੇ ਇਕੱਠੇ ਹੋ ਕੇ ਡਾਕੂਆਂ ਦੇ ਟੋਲੇ ਨੂੰ ਉਜਾੜ ਦੇਈਏ, ਮਾਰ ਕੁੱਟ ਕੇ ਕੱਢ ਦੇਈਏ। ਪਠਾਣਾਂ ਦੀਆਂ ਤਿੰਨੇ ਰਾਜੇ ਇਕੱਠੇ ਹੋ ਕੇ ਸਲਾਹ ਕੀਤੀ ਕਿ ਚਾਹਲਾਂ ਨਾਲ ਸਿੱਧੇ ਤੌਰ ਤੇ ਲੜਿਆਂ ਜਿੱਤ ਨਹੀਂ ਹੋਣੀ। ਆਪਾਂ ਇਕ ਚਾਲ ਕਰੀਏ। ਕਿ ਧੋਖੇ ਨਾਲ ਚਾਹਲਾਂ ਦਾ ਬਾਦਸ਼ਾਹ ਕੋਲ ਸੱਦ ਲਈਏ। ਤਾਂ ਪਠਾਣਾਂ ਨੇ ਨੁਮਾਇੰਦਾ ਰਾਣੇ ਦੇ ਘਰਾਂ ਕੋਲ ਭੇਜਿਆ ਕਿ ਅਸੀਂ ਗੁਆਂਢੀ ਰਾਜਿਆਂ ਦੀ ਪੰਚਾਇਤ ਸੱਦੀ ਹੈ ਉਸ ਵਿਚ ਜੋ ਫੈਸਲਾ ਹੋਵੇ ਮੰਨਿਆ ਜਾਵੇਗਾ। ਜਦੋਂ ਚਾਹਲਾਂ ਦਾ ਬਾਦਸ਼ਾਹ ਪਠਾਣਾਂ ਕੋਲ ਗਿਆ ਤਾਂ ਧੋਖਾ ਕਰਕੇ ਅੰਦਰ ਚਿੱਤਾ ਗਿਆ। ਓਧਰ ਪਠਾਣਾਂ ਦੀਆਂ ਤਿੰਨਾਂ ਰਿਆਸਤਾਂ ਦੀਆਂ ਫੌਜਾਂ ਨੇ ਘੇਰਾ ਪਾ ਲਿਆ। ਚਾਹਲਾਂ ਦੀ ਰਿਆਸਤ ਨੂੰ ਇਕਦਮ ਹੱਲਾ ਮਾਰ

www.fb.babajogipeerjichahal

ਕੇ ਚਾਹਲਾਂ ਦੀ ਫੌਜ ਤੇ ਜਾ ਪਏ ਤੇ ਚਾਹਲਾਂ ਦੀ ਫੌਜ ਦੇ ਪੈਰ ਹਿਲ ਗਏ। ਚਾਹਲਾਂ ਦੀ ਫੌਜ ਦੇ ਜਰਨੈਲ ਨਗਰਾਂ ਤੇ ਚਾਹਲ ਆਪਣੀ ਫੌਜ ਨੂੰ ਲਲਕਾਰ ਕੇ ਅੱਗੇ ਕਰਦੇ ਪਰ ਜਿਥੇ 40 ਹਜ਼ਾਰ ਬੰਦਾ ਹੋਰ ਪਿੰਡਾਂ ਦੇ ਗਭਰੂ ਇਕੱਠੇ ਹੋ ਕੇ ਪੈ ਗਏ ਉਥੇ 6 ਹਜ਼ਾਰ ਜਵਾਨਾਂ ਦੀ ਕੀ ਪੇਸ਼ ਚਲ ਸਕਦੀ ਸੀ।

www.fb.babajogipeerjichahal

ਚਾਹਲ ਨੂੰ ਘਰ ਛੱਡਣੇ ਪੈ ਗਏ। ਬਹੁਤ ਸਾਰੇ ਪਿੰਡ ਛੱਡ ਕੇ ਹੋਰ ਇਲਾਕਿਆਂ ਵਿਚ ਚਲੇ ਗਏ। ਇਸ ਲੜਾਈ ਵਿਚ ਚਾਹਲਾਂ ਦਾ ਬੜਾ ਨੁਕਸਾਨ ਹੋਇਆ। ਘਰੋਂ ਬੇਘਰ ਹੋ ਗਏ। ਪਰ ਚਾਹਲਾਂ ਦੇ ਫੌਜੀ ਜਵਾਨ ਬੜੀ ਦਲੇਰੀ ਨਾਲ ਲੜ ਰਹੇ ਸਨ। ਬੜੀ ਭਾਰੀ ਲੜਾਈ ਮੱਚੀ। ਚਾਹਲਾਂ ਦੀ ਫੌਜ ਜਿੰਨੀ ਵਾਹ ਲਗਦੀ ਲਾ ਰਹੀ ਸੀ। ਪਿੱਛੇ ਕੋਈ ਜ਼ਵਾਨ ਨਹੀਂ ਸੀ ਹਟ ਰਿਹਾ। ਆਖਰ ਗੱਲ ਇਥੇ ਮੁੱਕੀ ਕਿ ਚਾਹਲਾਂ ਨੇ ਆਖਿਆ ਕਿ ਰਾਜ ਅਸੀਂ ਆਪਣਾ ਆਪ ਕਰਾਂਗੇ। ਅਸੀਂ ਮਾਮਲਾ ਤੁਹਾਡਾ ਭਰੀ ਜਾਵਾਂਗੇ।

www.fb.babajogipeerjichahal

ਪਠਾਣ ਮੰਨ ਗਏ। ਲੜਾਈ ਬੰਦ ਹੋ ਗਈ। ਚਾਹਲ ਪਠਾਣਾਂ ਨੂੰ ਟਕੇ ਤਾਰਦੇ ਰਹੇ। ਰਾਜ ਆਪਣਾ ਆਪ ਕਰਦੇ ਰਹੇ। ਜਿਹੜੇ ਚਾਹਲ ਦੂਸਰੇ ਇਲਾਕਿਆਂ ਵਿਚ ਚਲੇ ਗਏ ਉਹ ਓਥੇ ਹੀ ਪਿੰਡ ਬਣਾ ਕੇ ਬੈਠ ਗਏ। ਜਿੱਥੇ-ਜਿੱਥੇ ਜਗ੍ਹਾ ਮਿਲੀ ਉਥੇ ਹੀ ਵਸੋਂ ਕਰ ਲਈ। ਅੱਜ ਵੀ ਕਈਆਂ ਪਿੰਡਾਂ ਵਿਚ ਚਾਹਲਾਂ ਦੇ 2 ਜਾਂ 3 ਜਾਂ 4 ਘਰ ਵੇਖੇ ਜਾ ਸਕਦੇ ਹਨ। ਸਾਰੇ ਚਾਹਲਾਂ ਦਾ ਪਿੱਛਾ ਪਿੰਡ ਰੱਲਾ ਤੇ ਜੋਗਾ ਹੈ। ਮਾਲਵੇ ਵਿਚ ਹਨ। ਜ਼ਿਲ੍ਹਾ ਬਠਿੰਡਾ ਤਹਿਸੀਲ ਮਾਨਸਾ ਹਨ। ਕੁਝ ਚਿਰ ਪਠਾਣਾਂ ਦੇ ਟਕੇ ਭਰਨ ਤੋਂ ਬਾਦ ਬਾਬਾ ਜੋਗੀ ਪੀਰ ਦਾ ਪਰੀ ਦੀ ਕੁੱਖ ਤੋਂ ਜਨਮ ਹੋਇਆ।

www.fb.babajogipeerjichahal

ਬਾਬਾ ਜੋਗੀ ਪੀਰ ਦੇ ਬਾਬੇ ਦਾ ਨਾਮ ਰਾਣਾ ਘੰਗ ਤੇ ਬਾਪ ਦਾ ਨਾਮ ਵਿਜੇ ਪਾਲ ਹੈ। ਬਾਬਾ ਜੋਗੀ ਪੀਰ ਦੇ ਜੰਮਣ ਦੀ ਕਥਾ ਇਸ ਤਰ੍ਹਾਂ ਹੈ—ਵਿਜੇ ਪਾਲ ਰਾਜੇ ਦਾ ਪੁੱਤਰ ਸੀ ਤੇ ਇਸਦੇ ਭਰਾ ਨੇ ਰਾਜ ਗੱਦੀ ਦਾ ਹਿੱਸਾ ਨਾ ਦਿੱਤਾ। ਇਸ

ਗੱਲ ਤੋਂ ਗੁੱਸੇ ਹੋ ਕੇ ਵਿਜੇ ਪਾਲ ਇਕ ਫ਼ਕੀਰ ਦੇ ਕੋਲ ਚਲਾ ਗਿਆ। ਉਹ ਫ਼ਕੀਰ ਰੱਬ ਦੇ ਨਾਲ ਮਿਲਿਆ ਹੋਇਆ ਸੀ। ਪੂਰਨ ਪਰਮਾਤਮਾ ਦਾ ਰੂਪ ਸੀ। ਉਸ ਫ਼ਕੀਰ ਦੇ ਕੋਲ ਇੰਦਰਾ ਪੁਰੀ ਦੀਆਂ ਪਰੀਆਂ ਆਉਂਦੀਆਂ ਹੁੰਦੀਆਂ ਸਨ ਤੇ ਤਾਲ ਵਿਚ ਇਸ਼ਨਾਨ ਕਰਦੀਆਂ ਹੁੰਦੀਆਂ ਸੀ। ਕੁਝ ਪਰੀਆਂ ਇਸ਼ਨਾਨ ਕਰਕੇ ਚੱਲੀਆਂ ਗਈਆਂ ਤੇ ਇਕ ਪਰੀ ਫ਼ਕੀਰ ਦੇ ਕੋਲ ਰਹਿ ਗਈ। ਉਸ ਫ਼ਕੀਰ ਨੇ ਪਰੀ ਨੂੰ ਆਖਿਆ। ਤੂੰ ਵਿਜੇ ਪਾਲ ਨਾਲ ਸ਼ਾਦੀ ਕਰ ਲੈ।

www.fb.babajogipeerjichahal

ਉਹ ਫ਼ਕੀਰ ਦਾ ਆਖਾ ਨਾ ਮੋੜ ਸਕੀ ਤੇ ਵਿਜੇ ਪਾਲ ਨਾਲ ਸ਼ਾਦੀ ਕਰ ਲਈ। ਵਿਜੇ ਪਾਲ ਰਾਜੇ ਦਾ ਪੁੱਤਰ ਹੋਣ ਕਰਕੇ ਚੜ੍ਹਦੀ ਜਵਾਨੀ ਦਾ ਗਭਰੂ ਸੀ ਤੇ ਬੜਾ ਸੋਹਣਾ ਰੂਪ ਹੋਣਹਾਰ ਸੀ ਤੇ ਪਰੀ ਦੇ ਮਨ ਨੂੰ ਵੀ ਚੰਗਾ ਲੱਗ ਗਿਆ। ਵਿਜੇ ਪਾਲ ਦੇ ਘਰ ਰਹਿ ਪਈ। ਉਸ ਫਕੀਰ ਨੇ ਉਸਦੇ ਭਰਾਵਾਂ ਨੂੰ ਸਮਝਾ ਕੇ ਰਾਜ ਦੀ ਵਾਗਡੋਰ ਵਿਜੇ ਪਾਲ ਨੂੰ ਦੁਵਾ ਦਿੱਤੀ। ਇਸ ਪਰੀ ਦੇ ਪੇਟੋਂ ਚੇਤ ਦੀ ਮਸਿਆ ਤੋਂ ਚੌਥੇ ਦਿਨ ਬਾਬਾ ਜੋਗੀ ਪੀਰ ਦਾ ਜਨਮ ਹੋਇਆ। ਚਾਹਲ ਦੀ ਵੰਸ ਵਿਚ ਬੜਾ ਭਾਰੀ ਅਵਤਾਰ ਪੈਦਾ ਹੋਇਆ ਜਿਸ ਨੇ ਚਾਹਲਾਂ ਦੀ ਵੰਸ਼ ਨੂੰ ਉਚਿਆਂ ਕੀਤਾ ਹੈ। ਬਾਬਾ ਜੋਗੀ ਪੀਰ ਜੀ ਜਦੋਂ ਦਸ ਸਾਲ ਹੋਏ ਤਾਂ ਪਿੰਡ ਦੇ ਮੁੰਡਿਆਂ ਨਾਲ ਖੇਡਣ ਚਲੇ ਜਾਂਦੇ।

www.fb.babajogipeerjichahal

ਇਕ ਵਾਰੀ ਪਿੰਡ ਦਾ ਸਾਰਾ ਮਾਲ ਇਕੱਠਾ ਕਰਕੇ ਪਠਾਣਾਂ ਦੀ ਰੰਖ ਦੇ ਵਿਚ ਵਾੜ ਦਿੱਤਾ। ਆਪ ਇਕ ਰੁੱਖ ਦੇ ਥਲੇ ਸੌ ਗਏ ਤੇ ਹੋਰ ਰੁੱਖਾਂ ਦੇ ਪਰਛਾਵੇਂ ਭੁੰ ਗਏ। ਤੇ ਜਿਸ ਰੁਖ ਦੇ ਥਲੇ ਰਾਣਾ ਜੋਗਾ ਜੀ ਸੁੱਤੇ ਸਨ। ਉਸ ਰੁਖ ਦੀ ਛਾ ਰਾਣਾ ਜੋਗਾ ਜੀ ਦੇ ਉੱਤੇ ਰਹੀ। ਰਾਖੇ ਨੇ ਇਹ ਕੌਤਕ ਵੇਖਿਆ ਤਾਂ ਹੈਰਾਨ ਹੋ ਗਿਆ। ਤੇ ਆਖਣ ਲੱਗਾ ਕਿ ਇਹ ਮੁੰਡਾ ਚਾਹਲਾਂ ਦੀ ਵੰਸ਼ ਵਿਚ ਅਵਤਾਰ ਪੈਦਾ ਹੋਇਆ ਹੈ ਕਿ ਮੈਂ ਇਸਨੂੰ ਕੁਛ ਨਾ ਆਖਾਂ, ਜੇ ਇਸਦੇ ਮੁੱਖ ਚੋਂ ਕੋਈ ਬਚਨ

ਨਿਕਲ ਗਿਆ ਤਾਂ ਮੈਂ ਮਾਰਿਆ ਜਾਵਾਂਗਾ। ਤਾਂ ਰਾਣਾ ਜੋਗਾ ਜੀ ਸੁੱਤਾ ਹੀ ਰਹਿਣ ਦਿੱਤਾ ਤਾਂ ਹਲਪਤ ਖਾਂ ਨੂੰ ਪਤਾ ਲੱਗਾ ਕਿ ਚਾਹਲਾਂ ਦਾ ਇਕ ਮੁੰਡਾ ਸਰਕਾਰੀ ਰੰਖਾ ਚਾਰ ਜਾਂਦਾ ਹੈ ਤੇ ਰਾਖਾ ਉਸਨੂੰ ਰੋਕਦਾ ਨਹੀਂ। ਰਾਖੇ ਨੂੰ ਸੱਦਕੇ ਤਾੜਨਾ ਕੀਤੀ ਤੂੰ ਚਾਹਲਾਂ ਦੇ ਮੁੰਡੇ ਨੂੰ ਰੋਕਿਆ ਨਹੀਂ ਤੇ ਨਾ ਤੂੰ ਉਸਚੇ ਡੰਗਰ ਰੰਖ ਵਿਚੋਂ ਕੱਢੇ ਹਨ ਕੀ ਗੱਲ ਹੈ। ਰਾਖੇ ਕਿਹਾ। ਜਨਾਬ, ਮੈਂ ਉਸ ਮੁੰਡੇ ਨੂੰ ਦੇਖਿਆ ਹੈ। ਉਹ ਮੁੰਡਾ ਨਹੀਂ ਹੈ ਉਹ ਤੇ ਚਾਹਲਾਂ ਦੇ ਵੰਸ਼ ਵਿਚ ਰੱਬ ਦਾ ਭਗਤ ਪੈਦਾ ਹੋਇਆ ਹੈ ਮੈਂ ਡਰਦੇ ਮਾਰੇ ਕੁਝ ਨਹੀਂ ਆਖਿਆ ਜੇ ਉਸਦੇ ਮੁੱਖ ਚੋਂ ਬਚਨ ਨਿਕਲ ਗਿਆ ਤਾਂ ਕੁਲ ਗਰਕ ਕਰ ਦੇਵੇਗਾ। ਇਹ ਗੱਲਾਂ ਸੁਣ ਕੇ ਹਲਪਤ ਖਾਂ ਕਹਿਣ ਲੱਗਾ। ਤੂੰ ਨੌਕਰੀ ਛੱਡ ਕੇ ਘਰ ਜਾ। ਮੈਂ ਵੇਖ ਲਵਾਂਗਾ ਕਿਹੜਾ ਮੁੰਡਾ ਨਵਾਂ ਚਾਹਲਾਂ ਦਾ ਉਠਿਆ ਹੈ। ਅਜੇ ਸਾਡਾ ਮਾਮਲਾ ਭਰਦੇ ਹਨ। ਫਿਰ ਛੇੜ-ਛੇੜਨ ਲੱਗ ਪਏ ਹਨ। ਅਸੀਂ ਉਸ ਮੁੰਡੇ ਨੂੰ ਫੜ ਕੇ ਲੈ ਆਵਾਂਗੇ। ਰੁੱਖਾ ਨਹੀਂ ਚਾਰਨ ਦੇਵਾਂਗੇ। ਥੋੜੇ ਹੀ ਦਿਨ ਹੋਏ ਹਨ ਕੀ ਹਾਲ ਚਾਹਲਾਂ ਦਾ ਹੋਇਆ। ਪਿਛਲੇ ਜ਼ਮਾਨੇ ਵਿਚ ਸਰਕਾਰ ਰੁੱਖਾ ਰੱਖਦੀ ਹੁੰਦੀ ਸੀ ਤੇ ਜਦੋਂ ਦੇਸ਼ ਵਿਚ ਕਾਲ ਪੈ ਜਾਵੇ ਤਾਂ ਸਰਕਾਰ ਥੋੜੇ ਮੁੱਲ ਤੇ ਜਿਮੀਂਦਾਰਾਂ ਨੂੰ ਡੰਗਰ ਚਾਰਨ ਵਾਸਤੇ ਦੇ ਦਿੰਦੀ ਸੀ। ਫੇਰ ਹਲਪਤ ਨੇ ਰਾਣਾ ਜੋਗਾ ਜੀ ਨੂੰ ਫੜਨ ਵਾਸਤੇ ਸੌ ਅਸਵਾਰ ਭੇਜਿਆ। ਜਾਂਦੇ ਸਾਰ ਸਿਪਾਹੀਆਂ ਨੇ ਲਲਕਾਰਾ ਮਾਰ ਕੇ ਆਖਿਆ ਨੱਠਣਾ ਹੈ ਤੇ ਨੱਠ ਲੈ। ਬਾਬਾ ਰਾਣਾ ਜੋਗਾ ਜੀ ਕਹਿਣ ਲੱਗੇ ਅਸੀਂ ਨੱਠਣ ਵਾਸਤੇ ਨਹੀਂ ਆਏ।

www.fb.babajogipeerjichahal

ਤੁਸੀਂ 10-10 ਬੰਦੇ ਮੇਰੇ ਵੱਲ ਭੇਜੋ। ਮੈਂ ਅੱਗੇ ਵੰਗਾਂ ਪਾ ਕੇ ਨਹੀਂ ਬੈਠਾ। ਤੁਸੀਂ ਤਤੜੇ ਹੋ ਕੇ ਆਉ। ਸਿਪਾਹੀ ਕਹਿਣ ਲੱਗੇ 12-13 ਸਾਲ ਦਾ ਮੁੰਡਾ ਚਾਹਲਾਂ ਦਾ ਕਿੱਡੀ ਆਕੜ ਨਾਲ ਬੋਲਦਾ ਹੈ। ਉਨ੍ਹਾਂ ਆਖਿਆ ਭਾਈ ਤੁਸੀਂ 10 ਬੰਦੇ ਜਾਉ ਭਲਾ ਕਲ ਦਾ ਛੋਕਰਾਂ ਤੁਹਾਨੂੰ ਕੋਕਰ ਲਵੇਗਾ। ਜਦੋਂ 10 ਬੰਦੇ ਰਾਣਾ ਜੋਗਾ ਜੀ ਨੂੰ ਫੜਨ ਵਾਸਤੇ ਗਏ ਨਾ ਰਾਣਾ ਜੋਗਾ ਜੀ ਨੇ ਦਸੇ ਬੰਦੇ ਲੰਗੇ, ਲੂਲੇ

ਕਰ ਕੇ ਧਰਤੀ ਤੇ ਸੁੱਟ ਦਿੱਤੇ । ਜਦੋਂ ਦਸ ਬੰਦੇ ਧਰਤੀ ਤੇ ਡਿੱਗੇ ਤਾਂ ਦੂਜੇ ਸਾਰੇ ਹੀ 10 ਬੰਦੇ ਟੁੱਟ ਕੇ ਬੜੇ ਗੁੱਸੇ ਨਾਲ ਪੈ ਗਏ । ਅਗੋਂ ਰਾਣਾ ਜੋਗਾ ਜੀ ਨੇ ਰੌਹ ਵਿਚ ਆ ਕੇ ਐਸਾ ਸਲੱਤਰ ਫੇਰਿਆ ਸਾਰੇ ਧਰਤੀ ਤੇ ਸੁੱਟ ਦਿੱਤੇ । ਕੋਈ ਜਿਉਂਦਾ ਨਾਂ ਜਾਣ ਦਿੱਤਾ । ਡੰਗਰ ਚਾਰਨ ਵਾਲਾ ਡੰਡਾ ਕੋਲ ਸੀ ਹਲਪਤ ਨੂੰ ਪਤਾ ਲੱਗਾ ਤਾਂ ਸੁਣ ਕੇ ਬੜਾ ਦੁੱਖ ਹੋਇਆ । ਤਾਂ ਕਹਿਣ ਲੱਗਾ ਬੜੀ ਤਾਕਤ ਵਾਲਾ ਮੁੰਡਾ ਹੈ ਜਿਸ ਨੇ ਸੌ ਅਸਵਾਰ ਮਾਰ ਕੇ ਧਰਤੀ ਤੇ ਸੁੱਟ ਦਿੱਤਾ ਹਨ । ਇਸਨੂੰ ਫੜਨਾ ਸੌਖਾ ਨਹੀਂ । ਹਲਪਤ ਕਹਿਣ ਲੱਗਾ ਹੁਣ ਜ਼ਿਆਦੀ ਤਾਕਤ ਹਾਸਲ ਕਰਕੇ ਫੜਾਂਗੇ ਛੱਡਣਾ ਨਹੀਂ ।

www.fb.babajogipeerjichahal

ਰਾਣਾ ਜੋਗਾ ਜੀ ਨੇ ਰਾਜ ਦੀ ਵਾਗਡੋਰ ਆਪਣੇ ਹੱਥ ਵਿਚ ਲੈ ਲਈ ਤੇ ਆਪਣੀ ਫੌਜ ਨੂੰ ਨਵੇਂ ਢੰਗ ਦੀ ਟਰੇਨਿੰਗ ਦੇਣੀ ਸ਼ੁਰੂ ਕਰ ਦਿੱਤੀ । ਮਾਮਲਾ ਦੇਣਾ ਪਠਾਣਾਂ ਦਾ ਬੰਦ ਕਰ ਦਿੱਤਾ । ਜਿਹੜਾ ਪਠਾਣਾਂ ਦਾ ਬੰਦਾ ਮਾਮਲਾ ਲੈਣ ਭੇਜਿਆ ਸੀ । ਉਹਨੂੰ ਖੂਬ ਕੁੱਟ ਮਾਰ ਕੇ ਛੱਡ ਦਿੱਤਾ ਤੇ ਆਖਿਆ ਕਿ ਪਠਾਣ ਨੂੰ ਜਾ ਕੇ ਆਖ ਬਈ ਚਾਹਲ ਮਾਮਲਾ ਨਹੀਂ ਦਿੰਦੇ ਤੇ ਮੋਰੀ ਬੜੀ ਬਦਿਚਤੀ ਕੀਤੀ ਹੈ । ਪਠਾਣਾਂ ਨੇ ਸੁਣ ਕੇ ਬੜਾ ਗੁੱਸਾ ਕੀਤਾ ਤੇ ਬੜੇ ਰੌਹ ਵਿਚ ਆਏ । ਆਪੋ ਵਿਚ ਸਲਾਹ ਕਰਨ ਲੱਗ ਪਏ ਕਿ ਰਾਣਾ ਜੋਗਾ ਜੀ ਦੇ ਕੋਲ ਬੜੀ ਤਾਕਤ ਆ ਗਈ ਹੈ । ਅੱਗੇ ਇਕੱਲੇ ਨੇ ਸੌ ਜਵਾਨ ਨਾਲ ਲੜ ਕੇ ਲੱਤਾਂ ਬਾਹਾਂ ਤੋੜ ਦਿੱਤੀਆਂ ਹਨ । ਕਈ ਜਾਨੋਂ ਮਾਰ ਦਿੱਤੇ ਸੀ । ਹੁਣ ਕੁੱਝ ਚਿਰ ਲੜਾਈ ਬੰਦ ਰੱਖੀ ਜਾਵੇ ਤੇ ਰਾਣਾ ਜੋਗਾ ਨੂੰ ਧੋਖੇ ਨਾਲ ਫੜਾਂਗੇ । ਇਸ ਤੋਂ ਅੱਗੇ ਰਾਣਾ ਜੋਗਾ ਜੀ ਬੜੇ ਸੋਹਣੇ ਢੰਗ ਨਾਲ ਰਾਜ ਕਰ ਰਹੇ ਸਨ । ਆਪਣੀ ਸਾਰੀ ਰਾਜਧਾਨੀ ਤੇ ਕਬਜਾ ਕਰਕੇ ਹੱਦ ਬੰਨੇ ਤੇ ਪੈਰਾਂ ਤੇ ਖੜਾ ਕੀਤਾ ਅਤੇ ਚਾਹਲ ਨੂੰ ਇਕੱਠਿਆਂ ਕੀਤਾ । ਜਿਹੜੇ ਦੂਰ ਨੇੜੇ ਗਏ ਸੀ । ਜਿਹੜੇ ਚਾਹਲ ਪਿੰਡ ਬਣਾ ਕੇ ਬੈਠ ਗਏ ਉਨ੍ਹਾਂ ਨੇ ਉਥੇ ਹੀ ਵਸੋਂ ਕਰ ਲਈ, ਰਾਣਾ ਜੋਗਾ ਜੀ ਜਿਹੜੇ ਚਾਹਲ ਦੂਰ ਚਲੇ ਗਏ ਸਨ ਉਨ੍ਹਾਂ ਦੇ ਪਿੰਡ ਵਿਚ ਘੋੜੇ ਤੇ ਸਵਾਰ ਹੋ ਕੇ ਆਏ ਤੇ ਚਾਹਲ ਨੇ ਆਪਣੇ ਆਏ ਬਾਦਸ਼ਾਹ ਦਾ ਬੜਾ ਸੁਵਾਗਤ

ਕੀਤਾ ਤੇ ਬੜੀਆਂ ਖੁਸ਼ੀਆਂ ਕੀਤੀਆਂ। ਢੋਲ ਵਜਾਏ ਗਏ। ਇਸੇ ਕਰਕੇ ਮੇਲਾ ਢੋਲ ਵਜਾ ਕੇ ਮਨਾਇਆ ਜਾਂਦਾ ਸੀ। ਹੁਣ ਸ੍ਰੀ ਅਖੰਡ ਪਾਠ ਰੱਖੇ ਜਾਂਦੇ ਹਨ। ਬਹੁਤ ਸਾਰੇ ਪਿੰਡਾਂ ਦੇ ਜਵਾਨ ਮੁੰਡੇ ਰਾਣਾ ਜੋਗਾ ਜੀ ਦੇ ਨਾਲ ਗਏ ਤੇ ਜੋਗਾ ਜੀ ਦੀ ਫੌਜ ਵਿਚ ਭਰਤੀ ਹੋਏ। ਫੇਰ ਵੀ ਕਦੇ-ਕਦੇ ਚਾਹਲਾਂ ਦੇ ਪਿੰਡਾਂ ਵਿਚ ਆ ਕੇ ਚਾਹਲਾਂ ਦਾ ਦੁੱਖ ਸੁੱਖ ਸੁਣਦੇ ਹੁੰਦੇ ਸਨ ਬੜੇ ਖੁਸ਼ ਚਾਹਲਾਂ ਤੇ ਸਨ। ਬਾਬਾ ਰਾਣਾ ਜੋਗਾ ਜੀ ਨੇ ਬਚਨ ਕੀਤਾ ਸੀ ਕਿ ਚਾਹਲਾਂ ਦੇ ਵੰਸ਼ ਵਿਚ ਨਾ ਕਾਣਾ ਤੇ ਨਾ ਕਾਲਾ ਬੱਚਾ ਪੈਦਾ ਹੋਵੇਗਾ ਤੇ ਜਦ ਚਾਹਲ ਕਾਲੀ ਮਿੱਟੀ ਜਾਂ ਮਜਣ ਜਾਂ ਚੁਮਾਰੀ ਜਾਂਣੀ ਸੂਦਰ ਜਾਤੀ ਦੀਆਂ ਔਰਤਾਂ ਘਰ ਰੱਖਣ ਲੱਗ ਜਾਣਗੇ ਤਾਂ ਕਾਲੇ ਕਾਣੇ ਵੀ ਚਾਹਲਾਂ ਦੇ ਵੰਸ਼ ਵਿਚ ਬੱਚੇ ਪੈਦਾ ਹੋਣ ਲੱਗ ਜਾਣਗੇ। ਇਸੇ ਕਰਕੇ ਚਾਹਲਾਂ ਨੂੰ ਪਰੀ ਦੀ ਔਲ ਦ ਆਖਿਆ ਜਾਂਦਾ ਸੀ। ਦੂਰ ਵਾਲੇ ਚਾਹਲ ਜੋ ਪਿੰਡਾਂ ਵਿਚ ਵਸੇ ਸਨ ਜੋਗਾ ਜੀ ਦੀ ਫੌਜ ਵਿਚ ਭਰਤੀ ਹੁੰਦੇ ਰਹਿੰਦੇ ਸਨ ਤੇ ਆਉਂਦੇ ਜਾਂਦੇ ਰਹਿੰਦੇ ਸਨ। ਜੋਗਾ ਜੀ ਮਹਾਨ ਸ਼ਕਤੀ ਦੇ ਮਾਲਕ ਸਨ।

www.fb.babajogipeerjichahal

ਜਦੋਂ ਗਵਾਂਢੀ ਰਾਜਿਆਂ ਦੀ ਸਭਾ ਵਿਚ ਜਾਂਦੇ ਸਨ ਇਨ੍ਹਾਂ ਨੂੰ ਰਾਣਾ ਜੋਗਾ ਜੀ ਆਖ ਕੇ ਬੁਲਾਇਆ ਜਾਂਦਾ ਸੀ। ਉਸ ਵੇਲੇ ਰਾਜੇ ਨੂੰ ਰਾਣਾ ਸਾਹਿਬ ਆਖਿਆ ਜਾਂਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਵੇਲੇ ਰਾਜੇ ਨੂੰ ਰਾਏ ਸਾਹਿਬ ਆਖਿਆ ਜਾਂਦਾ ਸੀ। ਰਾਣਾ ਜੋਗਾ ਜੀ ਭਗਤੀ ਵੀ ਕਰਦੇ ਸਨ। ਪ੍ਰਮੇਸ਼ਵਰ ਨੂੰ ਹਰ ਵਕਤ ਯਾਦ ਰੱਖਦੇ ਸਨ। ਰਾਣਾ ਜੋਗਾ ਜਿਹਦੇ ਰਾਜ ਕਰਨ ਵਿਚ ਐਸਾ ਗੇੜ ਪ੍ਰਮੇਸ਼ਵਰ ਨੇ ਕੀਤਾ ਜੋ ਪਠਾਣ ਫੇਰ ਛੇੜ ਛੇੜਣ ਦੀ ਹਿੰਮਤ ਨਾ ਕਰ ਸਕਿਆ ਤੇ ਜੋਗਾ ਜੀ ਨੂੰ ਕਹਿ ਭਈ ਆ ਕੇ ਆਪਾਂ ਸੁਲ੍ਹਾ ਕਰੀਏ। ਉਧਰ ਫੌਜਾਂ ਦੀ ਪੂਰੀ ਤਿਆਰੀ ਕੀਤੀ ਹੋਈ ਸੀ। ਰਾਣਾ ਜੀ ਨੂੰ ਧੋਖੇ ਨਾਲ ਫੜ ਲਵਾਂਗੇ। ਅੱਗੋਂ ਜੋਗਾ ਜੀ ਨੇ ਆਖਿਆ। ਅਸੀਂ ਧੋਖੇ ਵਿਚ ਨਹੀਂ ਆ ਸਕਦੇ। ਅਸੀਂ ਵੀ ਤਿਆਰ ਬੈਠੇ ਅੱਗੇ ਧੋਖੇ ਵਿਚ ਆਕੇ ਸਾਨੂੰ ਟਕੇ ਭਰਨੇ ਪਏ ਹਨ ਤੇ ਤੁਹਾਡਾ ਦਾਅ ਲੱਗਾ ਹੈ।

www.fb.babajogipeerjichahal

ਹੁਣ ਵੀ ਧੋਖੇ ਵਾਲੀ ਚਾਲ ਕਰਾਈ ਜਾਵੇ। ਹੁਣ ਜੋਗਾ ਜੀ ਦੀਆਂ ਗਲਾ

ਸੁਣ ਕੇ ਸੁਲਾਹ ਕੀਤੀ ਕਿ ਆਪਾਂ ਬੜੀ ਭਾਰੀ ਤਾਕਤ ਬਣਾਏ ਤਾਂ ਹਾਣਾ ਜੋਗਾ ਜੀ ਨੂੰ ਫੜ ਸਕਾਂਗੇ। ਪਠਾਣਾਂ ਨੇ ਤਿਪਰ ਲੰਗ ਨੂੰ 3 ਲੱਖ ਰੁਪੈ ਦੇ ਕੇ ਮਦਦ ਵਾਸਤੇ ਆਖਿਆ ਤਿਪਰ ਲੰਗ ਫੌਜ ਦੇਣੀ ਮੰਨ ਗਿਆ। ਹੁਣ ਚਾਰ ਬਾਦਸ਼ਾਹੀਆਂ ਇਕੱਠੀਆਂ ਹੋ ਗਈਆਂ। ਹੁਣ ਪਠਾਣਾਂ ਨੇ ਸੋਚਿਆ ਕੇ ਅਸੀਂ ਚਾਹਲਾਂ ਦੀ ਰਾਜਧਾਨੀ ਸਦਾ ਵਾਸਤੇ ਖਤਮ ਕਰ ਦਿਆਂਗੇ। ਪਰ ਪਠਾਣ ਕੀ ਜਾਨਣ ਕਿ ਅੱਗੇ ਰਾਣਾ ਜੋਗਾ ਜੀ ਰਾਜ ਦੇ ਵਾਰਸ ਹਨ ਜਿਨ੍ਹਾਂ ਦਾ ਜਨਮ ਦੇਵਤਿਆਂ ਦੀ ਕੁਖੋਂ ਹੋਇਆ ਹੈ ਤੇ ਜੋ ਪੂਰਨ ਸ਼ਕਤੀ ਦੇ ਮਾਲਕ ਹੋਣ ਉਨ੍ਹਾਂ ਨੂੰ ਕੌਣ ਫੜ ਸਕਦਾ ਸੀ। ਆਖਿਰ ਪਠਾਣਾਂ ਨੂੰ ਫੌਜ ਦੀ ਤਾਕਤ ਨਾਲ ਫੜਣ ਦੀ ਪੱਕੀ ਨੀਤ ਧਾਰ ਕੇ ਫੌਜ ਦੀ ਤਿਆਰੀ ਕਰ ਲਈ। ਰਾਣਾ ਜੋਗਾ ਜੀ ਨੂੰ ਸੂਹੇਨੇ ਆ ਕੇ ਖਬਰ ਦਿੱਤੀ ਤੇ ਪਠਾਣ ਅੱਜ ਭਲਕੇ ਹੱਮਲਾ ਕਰਨ ਵਾਲੇ ਹਨ। ਰਾਣਾ ਜੋਗਾ ਜੀ ਕਹਿਣ ਲੱਗੇ ਅਸੀਂ ਵੀ ਤਿਆਰ ਬੈਠੇ ਹਾਂ ਕੋਈ ਗੱਲ ਨਹੀਂ ਪਠਾਣਾਂ ਨੂੰ ਆਉਣ ਦਿਓ। ਨਾ ਰਾਣਾ ਜੋਗਾ ਜੀ ਨੇ ਆਪਣੀ ਫੌਜ ਦੇ ਜਰਨੈਲ ਮਾਹਰੀ ਚੰਦ ਨੇ ਫਤੇ ਨੂੰ ਆਖਿਆ ਕੇ ਆਪਣੇ ਦੋ ਹਿੱਸੇ ਘੱਲੋ ਇਕ ਫੌਜ ਦਾ ਦਸਤਾ ਆਪਣੀ ਕਮਾਨ ਥੱਲੇ ਕਰ ਲਿਆ। ਹੁਣ ਤਿੰਨਾਂ ਹਿੱਸਿਆਂ ਵਿਚ ਜੰਗ ਵੰਡੀ ਗਈ ਜੋ ਉਸ ਮੌਕੇ ਦੇ ਹਥਿਆਰ ਦਿੱਤੇ ਗਏ ਸਨ। ਗਲੇਲ, ਬਰਸ਼ੀ, ਬੰਦੂਕ, ਤਲਵਾਰ, ਨੇਜਾ, ਭਾਲਾ, ਗੰਡਾਸਾ ਸੂਰਮੇ ਆਪਣੇ ਹਥਿਆਰਾਂ ਨਾਲ ਲੈਸ ਹੋ ਗਏ।

www.fb.babajogipeerjichahal

ਦੂਜੇ ਬੰਨੇ ਪਠਾਣਾਂ ਨੇ ਆਪਣੇ ਜਰਨੈਲ ਤਿਆਰ ਕੀਤੇ ਹੋਏ ਸਨ। ਜਿਨਾਂ ਦਾ ਨਾਮ ਨਜ਼ਾਬਤ ਖਾਂ। ਹਲ ਪਤ ਖਾਂ ਮਾਦੂਕ ਸੀ। ਭੱਟੀ ਖਾਂ ਦਾ ਜਵਾਈ ਰੁਸਤਮ ਖਾਂ ਸੀ। ਇਹ ਜਰਨੈਲ ਆਪਣੇ ਫੌਜੀ ਜਵਾਨ ਹਥਿਆਰਾਂ ਨਾਲ ਲੈਸ ਕਰਕੇ ਖੜੇ ਕੀਤੇ ਸਨ। ਰਾਣਾ ਜੋਗਾ ਜੀ ਦੇ ਫੜਨ ਲੈਣ ਵਾਸਤੇ ਕਾਹਲੇ ਪੈ ਰਹੇ ਸਨ ਹੱਲਾ ਮਾਰ ਕੇ ਚਾਹਲਾਂ ਦੀ ਫੌਜ ਤੇ ਟੁੱਟ ਕੇ ਪੈ ਗਏ ਅੱਗੋਂ ਚਾਹਲਾਂ ਦੇ ਜਰਨੈਲ ਮਾਹਰੀ ਚੰਦ ਆਪਣਾ ਫੌਜੀ ਦਸਤਾ ਮੁਕਾਬਲਾ ਕਰਨ ਲਈ ਆ ਖੜਾ ਕੀਤਾ। ਦੋਵਾਂ

ਥਿਰਾਂ ਦੇ ਸੂਹਮੇ ਵੱਧ ਚੜ੍ਹ ਕੇ ਵਾਰ ਕਰਦੇ ਹਨ। ਪਰ ਚਾਹਲਾਂ ਦੀ ਫੌਜ ਨੂੰ ਕੁਝ ਪਿਛੇ ਹਟਣਾ ਪੈ ਗਿਆ ਕਿਉਂਕਿ ਪਠਾਣਾਂ ਦੀ ਫੌਜ ਦੋ ਗੁਣਾਂ ਜ਼ਿਆਦਾ ਸੀ। ਆਪਣੀ ਫੌਜ ਪਿੱਛੇ ਹੱਟਦੀ ਵੇਖ ਕੇ ਫੱਤਾ ਵੀ ਫੌਜੀ ਦਸਤਾਂ ਲੈ ਕੇ ਟੁੱਟ ਕੇ ਪੈ ਗਿਆ ਕਿ ਜਿਵੇਂ ਬਕਰੀਆਂ ਦੇ ਇਜੜ ਤੇ ਸ਼ੇਰ ਪੈ ਜਾਂਦਾ ਹੈ। ਪਠਾਣਾਂ ਦੀ ਫੌਜ ਅੱਗੇ ਭੱਜ ਗਈ ਪੈਰ ਨਾ ਸੰਭਾਲ ਸਕੀ।

www.fb.babajogipeerjichahal

ਆਪਣੀ ਫੌਜ ਪਿੱਛੇ ਹੱਟਦੀ ਵੇਖ ਕੇ ਰੁਸਤਮ ਖਾਂ ਤੇ ਨਜ਼ਾਬਤ ਖਾਂ ਆਪਣੇ-ਆਪਣੇ ਜਵਾਨ ਲੈ ਕੇ ਚਾਹਲਾਂ ਦੀ ਫੌਜ ਨੂੰ ਬੜੇ ਗੁੱਸੇ ਨਾਲ ਪੈ ਗਏ ਦੋਵੇਂ ਧਿਰਾਂ ਸ਼ਸਤਰ ਚਲਾ ਰਹੇ ਹਨ। ਬੜੇ ਜ਼ੋਰ ਦੀ ਲੜਾਈ ਮਚੀ ਹੈ। ਲਹੂ ਦੇ ਖਾਲ ਚਲ ਰਹੇ ਹਨ। ਸੂਰਮੇ ਲੋਥਾਂ ਨੂੰ ਲਤਾੜਦੇ ਹੋਏ ਅੱਗੇ-ਅੱਗੇ ਵੱਧ ਰਹੇ ਹਨ। ਜ਼ੋਰ ਦੀ ਲੜਾਈ ਹੁੰਦੀ ਵੇਖ ਕੇ ਮਾਦੂਕਰ ਸ਼ਾਹ ਵੀ ਆਪਣਾ ਫ਼ੌਜੀ ਦਸਤਾ ਲੈ ਕੇ ਲਾਂਭੇ ਦੀ ਘੇਰਾ ਪਾਉਣ ਲੱਗਾ ਤਾਂ ਰਾਣਾ ਜੋਗਾ ਜੀ ਨੇ ਅੱਗੋਂ ਦੀ ਹੋ ਕੇ ਤਲਵਾਰ ਚਲਾਈ ਜੋ ਪਠਾਣਾਂ ਦੀ ਫੌਜ ਦੇ ਪੈਰ ਹਿਲ ਗਏ ਤੇ ਅੱਗੇ ਨੱਠ ਪਈ ਤੇ ਬੜੀ ਹਲਚਲ ਪੈ ਗਈ ਤੇ ਪਠਾਣਾਂ ਦੀ ਫੌਜ ਪਿਛੇ ਹੱਟ ਗਈ ਤੇ ਰਾਣਾ ਜੋਗਾ ਜੀ ਨੇ ਆਪਣੇ ਜੰਗੀ ਸੂਰਮੇ ਰੋਕ ਲਏ ਤਾਂਕਿ ਦੁਸ਼ਮਣ ਭੱਜ ਜਾਏ ਤਾਂ ਵਾਰ ਨਹੀਂ ਕਰਨਾ ਤਾਂ ਫੇਰ ਪਠਾਣਾਂ ਨੇ ਚਾਰੇ ਸਿਆਂਸਤਾਂ ਇਕੱਠੀਆਂ ਕਰਕੇ ਮੀਟਿੰਗ ਕੀਤੀ, ਜਾਨੀ ਸਲਾਹ ਕੀਤੀ ਕਿ ਇਕੱਠਾ ਹੀ ਹੱਲਾ ਮਾਰ ਕੇ ਚਾਹਲਾਂ ਦੀ ਰਿਆਸਤ ਤੇ ਕਬਜ਼ਾ ਕਰ ਲਈਏ ਅੱਗੋਂ ਚਾਹਲ ਕਬਜ਼ਾ ਕਿੱਦਾਂ ਕਰਨ ਦੇਣ। ਜਿਹੜੇ ਸਿਰ-ਧੜ ਦੀ ਬਾਜੀ ਲਾਈ ਬੈਠੇ ਹਨ। ਪਠਾਣਾਂ ਨੇ ਲਗਭਗ 42 ਕੁ ਹਜ਼ਾਰ ਫੌਜੀ ਜਵਾਨ ਹੋਰ ਪਿੰਡੋਂ ਮੁੰਡੇ ਇਕੱਠੇ ਕਰ ਕੇ ਟੁੱਟ ਕੇ ਚਾਹਲਾਂ ਦੀ ਫੌਜ ਨੂੰ ਪੈ ਗਏ ਬੜੇ ਘਮਸਾਨ ਦੀ ਜੰਗ ਮਚ ਗਈ ਉਧਰ ਰਾਣਾ ਜੋਗਾ ਜੀ ਵੀ ਮੈਦਾਨ ਵਿਚ ਆ ਗਏ ਉਧਰ ਚਾਰੇ ਬਾਦਸ਼ਾਹੀਆਂ ਇਧਰ 5 ਕੁ ਹਜ਼ਾਰ ਜਵਾਮ ਰਾਣਾ ਜੋਗਾ ਜੀ ਦੇ ਨਾਲ ਸਨ ਜੋ ਬੜੇ ਰੋਹ ਵਿਚ ਆ ਕੇ ਲੜ ਰਹੇ ਹਨ।

www.fb.babajogipeerjichahal

ਪਠਾਣਾਂ ਦੀ ਫੌਜ ਇਹ ਆਖ ਰਹੀ ਸੀ ਕਿ ਚਾਹਲਾਂ ਨੂੰ ਮਾਰ ਦਿਉ ਉਜਾੜ ਦਿਉ । ਇਸ ਤਰ੍ਹਾਂ ਦੀਆਂ ਆਵਾਜ਼ਾਂ ਆ ਰਹੀਆਂ ਸਨ ਇਹ ਆਵਾਜ਼ਾਂ ਸੁਣ ਕੇ ਜੋਗਾ ਜੀ ਬੜੇ ਰੋਹ ਵਿਚ ਆ ਕੇ ਲੜੇ ਤੇ ਪਠਾਣਾਂ ਦੀ ਫੌਜ ਦਾ ਮੂੰਹ ਮੋੜ ਦਿੱਤਾ ਲੜਦੇ-2 ਜ਼ਿਆਦੀ ਫੌਜ ਦੇ ਘੇਰੇ ਵਿਚ ਆ ਗਏ ਤੇ ਕਿਸੇ ਸੂਰਮੇ ਦੇ ਵਾਰ ਨਾਲ ਸੀਸ ਲੱਥ ਗਿਆ । ਜੱਸ ਵਿਚ ਆਏ ਧੜ ਸਿਰ ਬਗੈਰ ਲੜਨ ਲੱਗ ਪਿਆ । ਧੜ ਲੜਦਾ ਦੇਖ ਕੇ ਸਭ ਫੌਜਾਂ ਅੱਗੇ ਅੱਗੇ ਸਿਰ ਤੇ ਪੈਰ ਰੱਖ ਕੇ ਨੱਠ ਤੁਰੀਆਂ ।

www.fb.babajogipeerjichahal

ਧੜ ਲੜਦੇ ਦੀਆਂ ਖਬਰਾਂ ਮਿਲ ਗਈਆਂ ਜਿਧਰ ਕਿਸੇ ਮੂੰਹ ਹੋਇਆ ਤਾਂ ਨੱਠਣ ਦੀ ਕੀਤੀ । ਐਸੀ ਜੋਸ਼ ਭਰੀ ਤਲਵਾਰ ਚਲਾ ਰਹੇ ਸਨ ਕਿ ਦਹੂ ਮਿਜ ਦਾ ਘਾਣ ਹੋਇਆ ਪਿਆ ਸੀ ।ਲੱਥ ਤੇ ਲੱਥ ਚੜੀ ਹੋਈ ਸੀ । ਪਠਾਣ ਅੱਗੇ ਅੱਗੇ ਭੱਜੇ ਜਾਂਦੇ ਤੇ ਮੂੰਹੋਂ ਇਹ ਆਖਦੇ ਕਿ ਜੋਗੇ ਜੋਗਿਆ ਨਾ ਮਾਰੀ, ਤੂੰ ਸਾਡਾ ਪੀਰ । ਜੋਗਿਆ ਨਾ ਮਾਰੀ ਤੂੰ ਸਾਡਾ ਪੀਰ । ਅਸੀਂ ਪੀਰ ਕਰ ਕੇ ਮਨਾਂਗੇ । ਨਾ ਮਾਰੀ ਤੂੰ ਸਾਡਾ ਪੀਰ ਪੀਰ ਪੀਰ ਆਖ ਕੇ ਅੱਗੇ ਨੱਠੇ ਜਾਂਦੇ ਸਨ । ਇਸੇ ਕਰਕੇ ਜੋਗਾ ਪੀਰ ਨਾਮ ਪੈ ਗਿਆ । ਜੋ ਅੱਜ ਕੀਕਰ ਜੋਗਾ ਪੀਰ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ ਇਸ ਤੋਂ ਅੱਗੇ ਪਠਾਣ ਪਿੰਡ ਛੱਡ ਕੇ ਦੂਰ ਦੇ ਇਲਾਕਿਆਂ ਵਿਚ ਜਾ ਵਸੇ ।

www.fb.babajogipeerjichahal

ਰਾਣਾ ਜੋਗਾ ਜੀ ਦਾ ਧੜ ਲੜਦਾ ਲੜਦਾ ਚਾਰ-ਚਾਰ ਮੀਲ ਤਾਈਂ ਗਿਆ । ਇਸ ਜੰਗ ਦਾ ਬੜਾ ਡਰ ਛਾ ਗਿਆ ਕਿ ਚਾਹਲ ਮਰੇ ਹੋਏ ਵੀ ਲੜਦੇ ਹਨ । ਪਠਾਣੀਆਂ ਨੰਗੇ ਮੂੰਹ ਨੱਠੀਆਂ ਜਾਂਦੀਆਂ ਸਨ । ਬਹੁਤ ਸਾਰੇ ਪਠਾਣ ਚਾਹਲਾਂ ਦੇ ਅਧੀਨ ਹੋ ਗਏ ਤੇ ਜੋਗਾ ਜੀ ਨੂੰ ਪੀਰ ਆਖਦੇ ਸਨ ਕੇ ਜੋਗਾ ਸਾਡਾ ਪੀਰ ਹੈ ਇਸੇ ਕਰਕੇ ਜੋਗਾ ਪੀਰ ਜੋਗੀ ਪੀਰ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ । ਪਠਾਣਾਂ ਦੀਆਂ ਰਿਆਸਤਾਂ ਸਦਾ ਲਈ ਖਤਮ ਹੋ ਗਈਆਂ । ਜੋਗਾ ਜੀ ਦਾ ਧੜ ਲੜਦਾ ਠੰਡਾ ਹੋ ਗਿਆ । ਉਥੇ ਹੀ ਸਮਾ ਗਏ । ਇਥੇ ਝੀੜੀ 4 ਮੀਲ ਵਿਚ ਹੈ ਤੇ ਬਾਬਾ ਜੀ ਦਾ ਮੰਦਰ ਹੈ ਰਲੇ ਪਿੰਡ ਦੇ ਕੋਲ ਹੈ, ਰੱਲਾ ਤੇ ਜੋਜਾ ਦੋਵੇਂ ਪਿੰਡ ਬੜੇ ਪੁਰਾਣੇ ਹਨ ।

ਇਥੇ ਬਾਬਾ ਜੀ ਦਾ ਜੋਗ ਹੋਇਆ ਹੈ। ਇਹ ਗੱਲ ਕੁਝ ਚਿਰ ਬਾਦ ਦੀ ਹੈ। ਇਕ ਸ਼ਾਹੂਕਾਰ ਬੀਕਾਨੇਰ ਦਾ ਰਹਿਣ ਵਾਲਾ ਸੀ ਉਸ ਦੇ ਘਰ ਔਲਾਦ ਨਾ ਹੋਈ।

www.fb.babajogipeerjichahal

ਉਹ ਸ਼ਾਹੂਕਾਰ ਦੇਵੀ ਦੇ ਮੰਦਰ ਤੇ ਸੁਖਣਾ ਸੁਖਣ ਵਾਸਤੇ ਪਹਾੜਾਂ ਨੂੰ ਸੰਗ ਦੇ ਨਾਲ ਜਾ ਰਿਹਾ ਸੀ ਤੇ ਸੰਗ ਦੇ ਨਾਲ ਗੜ ਬੈਹਲਾ ਵੀ ਸਨ। ਜਾਨੀ ਗੱਡੀਆਂ ਜਿਨ੍ਹਾਂ ਤੇ ਖਾਣ ਪੀਣ ਦਾ ਰਾਸ਼ਣ ਲੱਦਿਆ ਹੋਇਆ ਸੀ। ਕੁਝ ਨਿੱਕੇ ਬੱਚੇ ਬੁੱਢੇ ਬੰਦੇ ਵਿਚ ਬੈਠੇ ਸਨ ਇਹ ਚਲਦਾ-ਚਲਦਾ ਕਾਫਲਾ ਜਦ ਝੀੜੀ ਦੇ ਵਿਚ ਦੀ ਲੰਘ ਰਿਹਾ ਸੀ ਤਾਂ ਸੁਕੇ ਥਾਂ ਤੇ ਗੱਡੀਆਂ ਖੁੱਭ ਗਈਆਂ। ਤੇ ਸਾਰੇ ਬੰਦੇ ਹੈਰਾਨ ਹੋ ਕੇ ਬੈਠ ਗਏ ਤੇ ਸੋਚਣ ਲੱਗੇ, ਇਹ ਕੀ ਕੌਤਕ ਹੋਇਆ ਹੈ। ਇੰਨੇ ਚਿਰ ਨੂੰ ਝੀੜੀ ਦੇ ਵਿਚੋਂ ਸ਼ਾਹੂਕਾਰ ਆਵਾਜ਼ ਆਈ ਕੇ ਤੁਸਾਂ ਦੇਵੀ ਦੇ ਨਹੀਂ ਜਾਣਾ। ਤੁਹਾਡੀ ਸੁਖਣਾ ਪੂਰੀ ਹੋ ਜਾਵੇਗੀ। ਉਸ ਸ਼ਾਹੂਕਾਰ ਨੇ ਆਖਿਆ ਜਿਹੜੀ ਚੀਜ਼ ਬੋਲਦੀ ਹੈ ਉਹ ਸਾਨੂੰ ਦਰਸ਼ਨ ਦੇਵੇ ਜੀ ਫਿਰ ਆਵਾਜ਼ ਆਈ। ਇਥੇ ਅਸੀਂ ਛੀਦੀ ਬਾਣੇ ਵਿਚ ਰਹਿੰਦੇ ਹਾਂ ਅਸਾਂ ਦਰਸ਼ਨ ਨਹੀਂ ਦੇਣੇ। ਤੂੰ ਸਾਡਾ ਆਖਾ ਮੰਨ ਲੈ ਤੇਰੇ ਘਰ ਔਲਾਦ ਹੋ ਜਾਵੇਗੀ। ਸਾਡੀ ਨਿਸ਼ਾਨੀ ਬਣਾਵੀਂ ਤੁਸਾਂ ਦੀ ਸੁਖਣਾ ਪੂਰੀ ਹੋ ਜਾਵੇਗੀ ਤੇ ਗੱਡੀਆਂ ਵੀ ਤੁਰ ਪੈਣਗੀਆਂ। ਰਾਤ ਇਥੇ ਕੱਟੋ ਨੀਵੇਂ ਥਾਂ ਤੋਂ ਢੀਮ ਪੁਟੋ ਇਥੋਂ ਪਾਣੀ ਦਾ ਸੋਮਾ ਨਿਕਲੇਗਾ। ਇਥੋਂ ਪਾਣੀ ਵਰਤੋ। ਇਹ ਕਾਫਲਾ ਝੀੜੀ ਵਿਚ ਰਾਤ ਰਹਿਕੇ ਆਪਣੇ ਘਰਾਂ ਨੂੰ ਚਲਾ ਗਿਆ। ਉਸ ਸ਼ਾਹੂਕਾਰ ਦੇ ਘਰ 5 ਪੁੱਤਰ ਹੋਏ। ਤਾਂ ਉਸਨੇ ਬਾਬਾ ਜੀ ਦਾ ਪੱਕਾ ਮੰਦਰ ਬਣਾਇਆ ਜੋ ਝੀਹੜੀ ਦੇ ਵਿਚ ਹੈ ਇਸ ਵੇਲੇ। ਇਸ ਤੋਂ ਬਾਅਦ ਪਟਿਆਲੇ ਵਾਲੀ ਮਹਾਰਾਣੀ ਦੇ ਘਰ ਬੱਚਾ ਨਾ ਹੋਇਆ ਉ ਰਾਣੀ ਨੇ ਸੁਖਾਂ ਆ ਸੁਖੀ ਕਿ ਬਾਬਾ ਜੋਗਾ ਪੀਰ ਜੀ ਮੇਰੇ ਘਰ ਬੱਚਾ ਹੋਵੇ ਤਾਂ ਮੈਂ ਤੇਰੇ ਮੰਦਰ ਦੀ ਸੇਵਾ ਕਰਾਂਗੀ। ਰਾਣੀ ਦੇ ਘਰ ਪੁੱਤਰ ਹੋ ਗਿਆ ਤਾਂ ਫੇਰ ਰਹਿੰਦੀ ਸੇਵਾ ਰਾਣੀ ਨੇ ਕੀਤੀ ਹੈ। ਇਹ ਮੰਦਰ ਰਲੇ ਦੀ ਝੀਹੜੀ ਵਿਚ ਹੈ ਤੇ ਸੋਮੇ ਵਾਲੇ ਥਾਂ ਤੇ ਭਾਲ ਬਣਿਆ ਹੋਇਆ ਹੈ। ਤਿੰਨ ਮੰਜਲਾ ਮੰਦਰ ਬਣਿਆ ਹੋਇਆ ਹੈ ਇਸ ਨੂੰ ਬਾਬੇ ਦੀ ਬਾਲੰਦੀ ਆਖਿਆ ਜਾਂਦਾ ਹੈ।

www.fb.babajogipeerjichahal

ਇਥੇ ਚੇਤ ਦੀ ਚੌਥ ਤੇ ਭਾਦੋਂ ਦੀ ਚੌਥ ਨੂੰ ਮੇਲਾ ਦੋ ਵਾਰੀ ਸਾਲ ਵਿਚ ਲੱਗਦਾ ਹੈ। ਇਹ ਇਤਿਹਾਸ 700 ਸੌ ਸਾਲ ਪੁਰਾਣਾ ਹੈ। ਇਸ ਸਾਖੀ ਨੂੰ ਮੈਂ ਬੜੀ ਖੋਜ ਕਰਕੇ ਲਿਖਿਆ ਹੈ। ਪੁਰਾਣੇ ਬਜ਼ੁਰਗਾਂ ਤੋਂ ਤੇ ਇਕ ਲੇਖ ਮੇਰੇ ਕੋਲ ਹੈ ਜੋ ਇਕ ਸੱਜਣ ਨੇ ਦਿੱਤਾ। ਤੇ ਉਸ ਤੋਂ ਮੈਨੂੰ ਬੜੀ ਜਾਣਕਾਰੀ ਮਿਲੀ ਹੈ। ਜੋ ਜੋਗੀ ਪੀਰ ਕਮੇਟੀ ਰੱਲਾ ਦਾ ਲਿਖਿਆ ਹੋਇਆ ਲੇਖ ਮੇਰੇ ਕੋਲ ਹੈ। ਦੂਸਰੀ ਜਾਣਕਾਰੀ ਸੰਤਾਂ ਨੇ ਦਿੱਤੀ ਇਹ ਸੰਤ ਰਲੇ ਤੋਂ ਮੇਰੇ ਕੋਲ ਆਏ ਸਨ। ਇਨ੍ਹਾਂ ਸੰਤਾਂ ਨੇ ਸਾਰੀ ਜਾਣਕਾਰੀ ਦਿੱਤੀ ਹੈ। ਇਹ ਸੰਤ ਬੜੇ ਮਹਾਂਪੁਰਖ ਸਨ। ਇਨ੍ਹਾਂ ਨੇ ਦੱਸਿਆ ਕਿ ਸਾਡਾ ਪੜਦਾਦਾ ਤੇ ਸਾਡਾ ਬਾਬਾ। ਤੁਹਾਡੇ ਪਿੰਡਾਂ ਦੀ ਝੜਾਵਾ ਮਿਲਾ ਜੋਗੀ ਪੀਰ ਦਾ ਖੜਦੇ ਹੁੰਦੇ ਸਨ। ਤੇ ਕਥਾ ਕਰਦੇ ਹੁੰਦੇ ਸਨ। ਸਾਡੇ ਪੜਦਾਦੇ ਦੀ ਲਿਖੀ ਹੋਈ ਕਥਾ ਸਾਡੇ ਕੋਲ ਹੈ ਜੋ ਮੈਂ ਆਪ ਨੂੰ ਦੱਸੀ ਹੈ। ਫੇਰ ਅਸੀਂ ਦੂਰ ਦਾ ਕਰਕੇ ਹਟ ਗਏ ਹਾਂ। ਇਹਨਾਂ ਸੰਤਾਂ ਨੇ ਆਪਣੇ ਚਾਹਲਾਂ ਦੇ ਪਿੰਡਾਂ ਦੇ ਨਾਮ ਵੀ ਦੱਸੇ ਸਨ ਕਿ ਜਿਲਾ ਅੰਮ੍ਰਿਤਸਰ ਦੇ ਵਿਚ ਹਨ। ਇਹ ਸੰਤ ਬੜੇ ਸਾਦੇ ਸੁਭਾਅ ਦੇ ਸਨ ਜੋ ਕਥਾ ਪੁਰਾਣੇ ਬਜ਼ੁਰਗਾਂ ਨੇ ਦੱਸੀ। ਜੋ ਰਲਾ ਦੀ ਕਮੇਟੀ ਨੇ ਲਿਖੀ ਹੈ ਸੀ ਤੇ ਫੇਰ ਜੋ ਸੰਤਾਂ ਨੇ ਕਥਾ ਦੱਸੀ ਹੈ। ਇਹ ਤਿਨਾ ਹੀ ਕਥਾ ਦੀ ਦਾ ਮਜਬੂਨ ਇਕੋ ਹੈ। ਬੜੀ ਖੋਜ ਕਰਕੇ ਸਾਖੀ ਲਿਖੀ ਹੈ। ਜੋਗੀ ਪੀਰ ਦੀ ਜੇ ਹੋਰ ਜਾਣਕਾਰੀ ਮਿਲੇਗੀ ਤਾਂ ਉਹ ਵੀ ਲਿਖੀ ਜਾਵੇਗੀ। ਔਰ ਜੇ ਕਿਸੇ ਸੱਜਣ ਨੂੰ ਜਾਣਕਾਰੀ ਹੋਵੇ ਤਾਂ ਪਤਾ ਦੇਵੋਜੀ।

www.fb.babajogipeerjichahal

ਆਪ ਦੇ ਬੜੇ ਧੰਨਵਾਦੀ ਹੋਵਾਂਗੇ ਜੀ। ਵਿਜੇ ਪਾਲ ਜਿਨਾ ਭਰਾਵਾਂ ਦੇ ਨਾਲ ਝਗੜ ਕੇ ਫਕੀਰ ਦੇ ਕੋਲ ਗਿਆ ਸੀ। ਉਹਨਾਂ ਦੇ ਨਾਮ ਇਹ ਸਨ ਇਕ ਦਾ ਨਾਮ ਸੋਹੀ ਤੇ ਦੂਜੇ ਦਾ ਨਾਮ ਮੋਹੀ ਸ਼ੀ। ਸੋਹੀ ਤੇ ਮੋਹੀ ਤੇ ਵਿਜੇ ਪਾਲ ਇਹ ਦੇ ਭਾਈ ਸੀ। ਰਾਣਾ ਜੋਗਾ ਜੀ ਦਾ ਜਨਮ ਚੇਤ ਦੀ ਮਸਿਆ ਤੋਂ ਚੌਥੇ ਦਿਨ ਦਾ ਹੈ।

www.fb.babajogipeerjichahal